# BC HANDS & VOICES

# ਮੇਰੀ ਧੀ ਨੇ ਬੈਟਰੀ ਅੰਦਰ ਲੰਘਾ ਲਈ !!!

ਮੈਂ ਇਕ ਕਹਾਣੀ ਦੱਸਣਾ ਚਾਹੁੰਦੀ ਹਾਂ, ਜਿਸ ’ਤੇ ਹੁਣ ਅਸੀਂ ਸਾਰਾ ਪਰਿਵਾਰ ਹੱਸਦੇ ਹਾਂ ਪਰ ਜਦੋਂ ਇਹ ਵਾਪਰੀ ਸੀ ਉਦੋਂ ਇਹ ਏਨੀ ਹੱਸਣ ਵਾਲੀ ਗੱਲ ਨਹੀਂ ਸੀ ਲੱਗੀ।

ਮੇਰੀ ਧੀ 19 ਮਹੀਨਆਂ ਦੀ ਸੀ ਅਤੇ ਉਸ ਦੇ ਹੀਅਰਿੰਗ ਏਡਾਂ ਲੱਗੀਆਂ ਨੂੰ ਇਕ ਮਹੀਨਾ ਹੀ ਹੋਇਆ ਸੀ। ਉਸ ਨੂੰ ਉਹਨਾਂ ਦੀ ਆਦਤ ਪੈ ਰਹੀ ਸੀ ਅਤੇ ਉਸ ਨੇ ਉਹਨਾਂ ਨੂੰ ਵਾਰ ਵਾਰ ਲਾਹੁਣ ਦੀ ਥਾਂ ਲੱਗੀਆਂ ਰਹਿਣ ਦੇਣਾ ਸ਼ੁਰੂ ਕਰ ਦਿੱਤਾ ਸੀ। ਮੈਂ ਖਾਣਾ ਪਕਾ ਰਹੀ ਸੀ ਅਤੇ ਉਹ ਲਿਵਿੰਗ ਰੂਮ ਵਿੱਚ ਫਰਸ਼ ’ਤੇ ਬੈਠੀ ਆਪਣਿਆਂ ਖਿਡਾਉਣਿਆਂ ਨਾਲ ਖੇਡ ਰਹੀ ਸੀ। ਮੈਂ ਰਸੋਈ ਵਿੱਚ ਵਿਅਸਤ ਸੀ ਅਤੇ ਜਦੋਂ ਇਹ ਦੇਖਣ ਲਈ ਕਿ ਉਹ ਕਰ ਕਰ ਰਹੀ ਹੈ ਮੈਂ ਉਸ ਵੱਲ ਦੇਖਿਆ, ਕਿਉਂਕਿ ਉਹ ਬਹੁਤ ਚੁੱਪ ਸੀ, ਤਾਂ ਮੈਂ ਦੇਖਿਆ ਕਿ ਉਸ ਨੇ ਹੀਅਰਿੰਗ ਏਡ ਆਪਣੇ ਮੂੰਹ ਕੋਲ ਕੀਤੀ ਹੋਈ ਸੀ ਅਤੇ ਫਿਰ ਮੈਨੂੰ ਅਹਿਸਾਸ ਹੋਇਆ ਕਿ ਉਸ ਨੇ ਆਪਣੇ ਮੂੰਹ ਵਿੱਚ ਕੁਝ ਪਾਇਆ ਹੋਇਆ ਸੀ।

ਉਸ ਕੋਲ ਪਹੁੰਚਦਿਆਂ ਹੀ ਮੈਂ ਸਮਝ ਗਈ ਕਿ ਉਸ ਦੇ ਹੱਥ ਹੀਅਰਿੰਗ ਏਡ ਸੀ ਜਿਸ ਵਿੱਚ ਬੈਟਰੀ ਨਹੀਂ ਸੀ ਅਤੇ ਬੈਟਰੀ ਨੂੰ ਉਸ ਨੇ ਅੰਦਰ ਲੰਘਾ ਲਿਆ ਸੀ। ਇਹ ਜਾਣਨ ਲਈ ਕਿ ਮੈਂ ਕੀ ਕਰਾਂ ਮੈਂ ਇਕ ਦਮ ਨਰਸ ਹੈਲਪ ਲਾਈਨ ਨੂੰ ਫੋਨ ਕੀਤਾ। ਉਹਨਾਂ ਨੇ ਮੈਨੂੰ ਕਿਹਾ ਕਿ ਮੈਂ ਇਕਦਮ ਐਮਰਜੰਸੀ ਹਸਪਤਾਲ ਵਿੱਚ ਚਲੀ ਜਾਵਾਂ। ਕਿਉਂਕਿ ਉਸ ਇਲਾਕੇ ਵਿੱਚ ਅਸੀਂ ਨਵੇਂ ਸੀ, ਇਸ ਲਈ ਨੇੜਲੇ ਹਸਪਤਾਲ ਜਾਣ ਲਈ ਰਸਤੇ ਦਾ ਪਤਾ ਕਰਨਾ ਪਿਆ ਅਤੇ ਫਿਰ ਅਸੀਂ ਇਕਦਮ ਹਸਪਤਾਲ ਨੂੰ ਤੁਰ ਪਏ।

ਮੇਰੇ ਨਾਲ ਮੇਰੀ ਧੀ ਅਤੇ ਦੋ ਪੁੱਤਰ ਸਨ, ਕਿਉਂਕਿ ਉਸ ਸਮੇਂ ਮੇਰਾ ਪਤੀ ਕੰਮ ਕਰ ਰਿਹਾ ਸੀ। ਨਰਸਾਂ ਸਾਨੂੰ ਇਕਦਮ ਇਕ ਕਮਰੇ ਵਿੱਚ ਲੈ ਗਈਆਂ, ਅਤੇ ਸਾਨੂੰ ਡਾਕਟਰ ਦੇ ਆਉਣ ਦੀ ਬਹੁਤ ਚਿਰ ਉਡੀਕ ਨਾ ਕਰਨੀ ਪਈ। ਡਾਕਟਰ ਨੇ ਦੱਸਿਆ ਕਿ ਜੇ ਬੈਟਰੀ ਢਿੱਡ ਵਿੱਚੋਂ ਤੇਜ਼ੀ ਨਾਲ ਲੰਘ ਗਈ ਹੋਵੇ ਤਾਂ ਇਹ ਏਡੀ ਮੁਸ਼ਕਿਲ ਵਾਲੀ ਗੱਲ ਨਹੀਂ ਹੈ। ਉਸ ਨੇ ਦੱਸਿਆ ਕਿ ਜੇ ਬੈਟਰੀ ਢਿੱਡ ਵਿੱਚ ਜ਼ਿਆਦਾ ਚਿਰ ਰਹੇ ਤਾਂ ਢਿੱਡ ਵਿਚਲੇ ਤੇਜ਼ਾਬ ਬੈਟਰੀ ’ਤੇ ਕੰਮ ਕਰਨਾ ਸ਼ੁਰੂ ਕਰ ਸਕਦੇ ਹਨ ਅਤੇ ਢਿੱਡ ਵਿੱਚ ਇਕ ਗੰਭੀਰ ਰੀਐਕਸ਼ਨ ਪੈਦਾ ਕਰ ਸਕਦੇ ਹਨ। ਇਸ ਲਈ ਮੇਰੀ ਧੀ ਦੇ ਐਕਸਰੇ ਕੀਤੇ ਗਏ, ਅਤੇ ਸਾਡੇ ਚੰਗੇ ਭਾਗਾਂ ਨੂੰ ਬੈਟਰੀ ਆਂਤੜੀ ਵਿੱਚ ਸੀ ਅਤੇ ਬਾਹਰ ਵੱਲ ਜਾ ਰਹੀ ਸੀ। ਇਸ ਲਈ ਸੁੱਖ ਦਾ ਸਾਹ ਲੈ ਕੇ ਅਸੀਂ ਘਰ ਨੂੰ ਆ ਗਏ।



ਅਗਲੇ ਦਿਨ ਬੈਟਰੀ ਉਸ ਦੇ ਡਾਇਪਰ ਵਿੱਚੋਂ ਲੱਭੀ। ਨਹੀਂ ਮੈਂ ਇਹ ਸੰਭਾਲ ਕੇ ਨਹੀਂ ਰੱਖੀ ਹੋਈ, ਭਾਵੇਂ ਇਸ ਦਾ ਮਾੜਾ ਜਿਹਾ ਖਿਆਲ ਮੇਰੇ ਮਨ ਵਿੱਚ ਆਇਆ ਸੀ ! ਹੁਣ ਮੇਰੀ ਧੀ ਛੇਆਂ ਸਾਲਾਂ ਦੀ ਹੈ ਅਤੇ ਉਹ ਇਹ ਕਹਾਣੀ ਸੁਣਨਾ ਪਸੰਦ ਕਰਦੀ ਹੈ, ਉਹ ਸਮਝਦੀ ਹੈ ਕਿ ਇਹ ਹਸਾਉਣੀ ਹੈ ਅਤੇ ਥੋੜ੍ਹੀ ਜਿਹੀ ਭੱਦੀ ਵੀ ! ਮੈਨੂੰ ਪਤਾ ਹੈ ਕਿ ਛੋਟੇ ਬੱਚਿਆਂ ਦੀ ਬਹੁਤੀਆਂ ਹੀਅਰਿੰਗ ਏਡਾਂ ਦੀਆਂ ਬੈਟਰੀਆਂ ’ਤੇ ਸੇਫਟੀ ਹੁੰਦੀ ਹੈ, ਪਰ ਇਹ ਹੀਅਰਿੰਗ ਏਡਾਂ ਉਧਾਰੀਆਂ ਲਈਆਂ ਗਈਆਂ ਸਨ ਅਤੇ ਉਨ੍ਹਾਂ ਕੋਲ ਉਧਾਰ ਦੇਣ ਲਈ ਸੇਫਟੀ ਵਾਲੀਆਂ ਹੀਅਰਿੰਗ ਏਡਾਂ ਨਹੀਂ ਸਨ। ਇਸ ਲਈ ਸਾਵਧਾਨ: ਇਹ ਤੁਹਾਡੇ ਬੱਚੇ ਨਾਲ ਹੋ ਸਕਦਾ ਹੈ ਅਤੇ ਜੇ ਅਜਿਹਾ ਹੋਵੇ ਤਾਂ ਐਕਸਰੇ ਲਈ ਸਿੱਧੇ ਐਮਰਜੰਸੀ ਹਸਪਤਾਲ ’ਚ ਜਾਉ।

ਬੌਬੀ ਬੈੱਸਟ
Bobbi Best

*“My Daughter Swallowed a Battery!” was first published in Issue #3 (December 2009) of the BC Hands & Voices Newsletter.*

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟੀਅਰ ਫਾਉਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।